Seattle Office of Labor Standards

# ਕੀ ਤੁਸੀਂ ਘਰੇਲੂ ਕਰਮਚਾਰੀ ਹੋ?

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ



ਸੀਏਟਲ ਘਰੇਲੂ ਕਰਮਚਾਰੀ ਆਰਡੀਨੈਂਸ

ਸੀਏਟਲ ਘਰੇਲੂ ਕਰਮਚਾਰੀ ਆਰਡੀਨੈਂਸ (Seattle Domestic Workers Ordinance) ਘਰੇਲੂ ਕਰਮਚਾਰੀਆਂ ਨੂੰ ਕਾਰਜ ਸਥਾਨ ਵਿਖੇ ਬੁਨਿਆਦੀ ਸੁਰੱਖਿਆ ਪ੍ਰਦਾਨ ਕਰਦਾ ਹੈ।

ਇਸ ਗਾਈਡ ਵਿੱਚ ਇਹਨਾਂ ਸੁਰੱਖਿਆਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਪਰ ਇਹ ਕਿਸੇ ਕਿਸਮ ਦੀ ਕਾਨੂੰਨੀ ਸਲਾਹ ਨਹੀਂ ਹੈ। ਵਧੇਰੇ ਜਾਣਕਾਰੀ ਲਈ, ਅਤੇ ਕਿਸੇ ਵੀ ਸਵਾਲ ਦੇ ਲਈ, ਕਿਰਪਾ ਕਰਕੇ ਸੰਪਰਕ ਕਰੋ:

**Seattle** Office of
Labor Standards

(206) 256-5297 'ਤੇ ਕਾਲ ਕਰੋ
laborstandards@seattle.gov
www.seattle.gov/laborstandards

ਘਰੇਲੂ ਕਰਮਚਾਰੀ ਆਰਡੀਨੈਂਸ ਬਾਰੇ ਪੂਰੀ ਜਾਣਕਾਰੀ ਇੱਥੇ ਮਿਲ ਸਕਦੀ ਹੈ:
www.seattle.gov/laborstandards/ordinances/domestic-workers-ordinance

# ਘਰੇਲੂ ਕਰਮਚਾਰੀ:
# ਕੀ ਤੁਸੀਂ ਜਾਣਦੇ ਹੋ?

## ਜੇ ਤੁਸੀਂ ਕਿਸੇ ਘਰ ਵਿੱਚ ਇਹਨਾਂ ਵਜੋਂ ਕੋਈ ਕੰਮ ਕਰਦੇ ਹੋ:

- ਨੈਨੀ
- ਰਸੋਈਆ
- ਹੋਮ ਕੇਅਰ ਵਰਕਰ
- ਹਾਊਸਹੋਲਡ ਮੈਨੇਜਰ
- ਹਾਊਸ ਕਲੀਨਰ
- ਮਾਲੀ

## ਤੁਹਾਡੇ ਕੋਲ ਇਹ ਅਧਿਕਾਰ ਹਨ:

- ਸੀਏਟਲ ਨਿਊਨਤਮ ਤਨਖਾਹ
- ਨਿਰਵਿਘਨ ਭੋਜਨ ਅਤੇ ਆਰਾਮ ਬਰੇਕ ਜਾਂ ਜੇ ਤੁਹਾਨੂੰ ਕੋਈ ਬਰੇਕ ਨਹੀਂ ਮਿਲਦੀ ਤਾਂ ਵਾਧੂ ਤਨਖਾਹ
- ਜਿਹੜੇ ਕਰਮਚਾਰੀ ਆਪਣੇ ਕਾਰਜ ਸਥਾਨ 'ਤੇ ਹੀ ਰਹਿੰਦੇ ਹਨ, ਉਹਨਾਂ ਨੂੰ ਲਗਾਤਾਰ ਛੇ ਦਿਨ ਕੰਮ ਕਰਨ ਤੋਂ ਬਾਅਦ ਇੱਕ ਦਿਨ (24 ਘੰਟੇ) ਦੀ ਛੁੱਟੀ।
- ਤੁਸੀਂ ਆਪਣੇ ਸਾਰੇ ਦਸਤਾਵੇਜ਼ਾਂ ਅਤੇ ਨਿੱਜੀ ਸਮਾਨ ਆਪਣੇ ਕੋਲ ਰੱਖ ਸਕਦੇ ਹੋ
- ਜਿਨਸੀ ਸ਼ੋਸ਼ਣ ਅਤੇ ਭੇਦਭਾਵ ਤੋਂ ਸੁਰੱਖਿਆ

*ਜੇਕਰ ਤੁਸੀਂ ਇੱਕ ਕਰਮਚਾਰੀ ਹੋ, ਤਾਂ ਤੁਹਾਡੇ ਕੋਲ ਹੋਰ ਕਿਰਤ ਮਾਪਦੰਡਾਂ ਦੇ ਅਧੀਨ ਅਧਿਕਾਰ ਹਨ

# ਅਧਿਕਾਰ ਨਿਊਨਤਮ ਤਨਖਾਹ ਦਾ

ਸਾਰੇ ਘਰੇਲੂ ਕਰਮਚਾਰੀਆਂ ਨੂੰ ਘੱਟੋ-ਘੱਟ ਸੀਐਟਲ ਦੀ ਮੌਜੂਦਾ ਨਿਊਨਤਮ ਤਨਖਾਹ ਦੇ ਅਨੁਸਾਰ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਹਰ ਸਾਲ 1 ਜਨਵਰੀ ਨੂੰ ਸੀਐਟਲ ਦੀ ਨਿਊਨਤਮ ਤਨਖਾਹ ਵਿੱਚ ਵਾਧਾ ਹੁੰਦਾ ਹੈ। Office of Labor Standards (OLS, ਆਫਿਸ ਆਫ ਲੇਬਰ ਸਟੈਂਡਰਡਜ਼) ਹਰ ਸਾਲ ਪਤਝੜ ਦੇ ਮਹੀਨੇ ਵਿੱਚ ਆਉਣ ਵਾਲੇ ਸਾਲ ਦੀ ਨਿਊਨਤਮ ਤਨਖਾਹ ਵਿੱਚ ਵਾਧੇ ਦੀ ਘੋਸ਼ਣਾ ਕਰਦਾ ਹੈ।

ਮੌਜੂਦਾ ਨਿਊਨਤਮ ਤਨਖਾਹ ਬਾਰੇ ਜਾਣਕਾਰੀ ਲਈ, ਇੱਥੇ ਜਾਓ:
www.seattle.gov/laborstandards/ordinances/minimum-wage



# ਅਧਿਕਾਰ ਭੁਗਤਾਨ-ਸਹਿਤ ਆਰਾਮ ਬਰੇਕ ਲੈਣ ਦਾ

ਜੇ ਤੁਸੀਂ ਚਾਰ ਘੰਟਿਆਂ ਤੋਂ ਵੱਧ ਕੰਮ ਕਰਦੇ ਹੋ, ਤਾਂ ਤੁਹਾਨੂੰ ਕੰਮ ਦੇ ਤੀਜੇ ਘੰਟੇ ਦੇ ਅੰਤ ਤੋਂ ਪਹਿਲਾਂ ਇੱਕ ਤਨਖਾਹ-ਸਹਿਤ, ਨਿਰਵਿਘਨ 10-ਮਿੰਟ ਦੀ ਆਰਾਮ ਬਰੇਕ ਮਿਲਣੀ ਚਾਹੀਦੀ ਹੈ।

**ਜੇ ਤੁਸੀਂ ਆਪਣੀ ਆਰਾਮ ਬਰੇਕ ਦੇ ਦੌਰਾਨ ਵੀ ਕੰਮ ਕਰਦੇ ਹੋ, ਤਾਂ ਤੁਸੀਂ 10 ਮਿੰਟਾਂ ਦੀ ਵਾਧੂ ਤਨਖਾਹ ਲੈਣ ਦੇ ਹੱਕਦਾਰ ਹੋਵੋਗੇ।**





# ਅਧਿਕਾਰ ਭੋਜਨ ਬਰੇਕ ਲੈਣ ਦਾ

ਜੇ ਤੁਸੀਂ ਪੰਜ ਘੰਟਿਆਂ ਤੋਂ ਵੱਧ ਸਮੇਂ ਲਈ ਕੰਮ ਕਰਦੇ ਹੋ, ਤਾਂ ਤੁਹਾਨੂੰ ਇੱਕ ਤਨਖਾਹ-ਰਹਿਤ, ਨਿਰਵਿਘਨ 30-ਮਿੰਟ ਦੀ ਭੋਜਨ ਬਰੇਕ ਮਿਲਦੀ ਹੈ।

ਪਰ, ਜੇਕਰ ਭੋਜਨ ਬਰੇਕ ਦੌਰਾਨ ਤੁਹਾਡਾ ਕਾਰਜ ਸਥਾਨ 'ਤੇ ਮੌਜੂਦ ਰਹਿਣਾ ਅਤੇ ਕੰਮ 'ਤੇ ਵਾਪਸ ਆਉਣ ਲਈ ਤਿਆਰ ਰਹਿਣਾ ਲਾਜ਼ਮੀ ਹੈ, ਤਾਂ ਇਸ ਬਰੇਕ ਲਈ ਤੁਹਾਨੂੰ ਤਨਖਾਹ ਮਿਲਣੀ ਲਾਜ਼ਮੀ ਹੈ।

**ਜੇ ਤੁਸੀਂ ਭੋਜਨ ਬਰੇਕ ਵਿੱਚ ਕੰਮ ਕਰਦੇ ਹੋ, ਤਾਂ ਛੁੱਟੇ ਹੋਏ ਬਰੇਕ ਲਈ ਤੁਹਾਨੂੰ 30 ਮਿੰਟਾਂ ਦੀ ਵਾਧੂ ਤਨਖਾਹ ਮਿਲਣੀ ਚਾਹੀਦੀ ਹੈ।**

ਅਧਿਕਾਰ

# ਆਰਾਮ ਕਰਨ ਦਾ ਦਿਨ ਲੈਣ ਦਾ

ਜੇ ਤੁਸੀਂ ਆਪਣੇ ਕਾਰਜ-ਸਥਾਨ ’ਤੇ ਹੀ ਰਹਿੰਦੇ ਹੋ ਜਾਂ ਸੌਂਦੇ ਹੋ ਅਤੇ ਲਗਾਤਾਰ ਛੇ ਦਿਨ ਕੰਮ ਕਰਦੇ ਹੋ, ਤਾਂ ਤੁਹਾਨੂੰ ਤਨਖਾਹ-ਰਹਿਤ, 24-ਘੰਟੇ ਲਈ ਆਰਾਮ ਕਰਨ ਦਾ ਸਮਾਂ ਲੈਣ ਦਾ ਅਧਿਕਾਰ ਹੈ।



ਅਧਿਕਾਰ

# ਸਾਰੇ ਨਿੱਜੀ ਦਸਤਾਵੇਜ਼ਾਂ ਨੂੰ ਆਪਣੇ ਕੋਲ ਰੱਖਣ ਦਾ

ਤੁਹਾਡੇ ਕੋਲ ਆਪਣੇ ਸਾਰੇ ਅਸਲ ਦਸਤਾਵੇਜ਼ ਅਤੇ ਨਿੱਜੀ ਚੀਜ਼ਾਂ ਆਪਣੇ ਕੋਲ ਰੱਖਣ ਦਾ ਅਧਿਕਾਰ ਹੈ।



# ਅਧਿਕਾਰ ਭੇਦਭਾਵ ਅਤੇ ਜਵਾਬੀ-ਕਾਰਵਾਈ ਤੋਂ ਮੁਕਤ ਹੋਣ ਦਾ

ਘਰੇਲੂ ਕਰਮਚਾਰੀ ਅਕਸਰ ਇਕੱਲੇ ਕੰਮ ਕਰਦੇ ਹਨ ਅਤੇ ਉਹਨਾਂ ਨੂੰ ਜਿਨਸੀ ਸ਼ੋਸ਼ਣ ਅਤੇ ਹੋਰ ਕਿਸਮ ਦੇ ਭੇਦਭਾਵ ਦਾ ਸਾਹਮਣਾ ਕਰਨ ਦਾ ਜ਼ੋਖਮ ਹੋ ਸਕਦਾ ਹੈ। ਘਰੇਲੂ ਕਰਮਚਾਰੀਆਂ ਨੂੰ ਸ਼ਹਿਰ ਦੇ ਨਿਰਪੱਖ ਰੁਜ਼ਗਾਰ ਅਭਿਆਸ (Fair Employment Practices) ਕਾਨੂੰਨ ਦੇ ਤਹਿਤ ਇਸ ਕਿਸਮ ਦੇ ਵਿਵਹਾਰ ਤੋਂ ਸੁਰੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਵਾਸਤੇ ਜਾਂ ਸ਼ਹਿਰ ਨੂੰ ਕੋਈ ਸ਼ਿਕਾਇਤ ਦਾਇਰ ਕਰਨ 'ਤੇ ਰੁਜ਼ਗਾਰਦਾਤਾਵਾਂ ਨੂੰ ਤੁਹਾਡੇ ਖਿਲਾਫ਼ ਕਾਰਵਾਈ ਕਰਨ ਦੀ ਆਗਿਆ ਨਹੀਂ ਹੈ।

**ਜੇਕਰ ਤੁਸੀਂ ਕਰਮਚਾਰੀ ਹੋ ਅਤੇ ਆਪਣੇ ਅਧਿਕਾਰਾਂ ਬਾਰੇ ਗੱਲ ਕਰਨਾ ਚਾਹੁੰਦੇ ਹੋ, ਤਾਂ ਸੀਏਟਲ ਆਫਿਸ ਫਾਰ ਸਿਵਿਲ ਰਾਈਟਸ (206) 684-4500 'ਤੇ ਸੰਪਰਕ ਕਰੋ, ਜਾਂ discrimination@seattle.gov 'ਤੇ ਈਮੇਲ ਕਰੋ ਜਾਂ www.seattle.gov/civilrights 'ਤੇ ਜਾਓ।**

# ਸੀਏਟਲ ਆਫਿਸ ਆਫ ਲੇਬਰ ਸਟੈਂਡਰਡਜ਼ (OLS)

ਸੀਏਟਲ ਆਫਿਸ ਆਫ ਲੇਬਰ ਸਟੈਂਡਰਡਜ਼ ਕਰਮਚਾਰੀਆਂ ਨੂੰ ਉਹਨਾਂ ਦੇ ਅਧਿਕਾਰਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਉਪਲਬਧ ਹੈ। OLS ਕਾਨੂੰਨ ਦੀਆਂ ਉਲੰਘਣਾਵਾਂ ਦੀ ਜਾਂਚ ਅਤੇ ਉਹਨਾਂ ਨੂੰ ਹੱਲ ਵੀ ਕਰਦਾ ਹੈ।

ਸਵਾਲਾਂ ਲਈ, ਜਾਂ ਉਲੰਘਣਾਵਾਂ ਦੀ ਰਿਪੋਰਟ ਕਰਨ ਲਈ,
ਕਿਰਪਾ ਕਰਕੇ (206) 256-5297 'ਤੇ ਕਾਲ ਕਰੋ, ਜਾਂ ਫਿਰ laborstandards@seattle.gov 'ਤੇ ਈਮੇਲ ਕਰੋ।

# ਸਾਡਾ ਵਾਅਦਾ

ਅਸੀਂ ਤੁਹਾਡੀ ਮਦਦ ਕਰਨ ਲਈ ਇੱਥੇ ਹਾਜ਼ਰ ਹਾਂ। ਅਸੀਂ ਦੁਭਾਸ਼ੀਆ ਸੇਵਾਵਾਂ ਪ੍ਰਦਾਨ ਕਰਾਵਾਂਗੇ ਅਤੇ ਸਾਡੀਆਂ ਸੇਵਾਵਾਂ ਮੁਫ਼ਤ ਹਨ। ਅਸੀਂ ਤੁਹਾਡੇ ਤੋਂ ਤੁਹਾਡੀ ਇਮੀਗ੍ਰੇਸ਼ਨ ਦੀ ਸਥਿਤੀ ਬਾਰੇ ਨਹੀਂ ਪੁੱਛਾਂਗੇ।

ਇਹਨਾਂ ਸ਼ਰਤਾਂ ਬਾਰੇ ਵੇਰਵੇ-ਸਹਿਤ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ: **www.seattle.gov/laborstandards**

# ਸੀਏਟਲ ਆਫਿਸ ਆਫ ਲੇਬਰ ਸਟੈਂਡਰਡਜ਼ (OLS)

ਸੀਏਟਲ ਆਫਿਸ ਆਫ ਲੇਬਰ ਸਟੈਂਡਰਡਜ਼, ਇਸ ਨਵੇਂ ਕਾਨੂੰਨ ਦੇ ਅਧੀਨ ਭਰਤੀ ਕਰਨ ਵਾਲੀਆਂ ਸੰਸਥਾਵਾਂ ਨੂੰ ਆਪਣੇ ਫਰਜ਼ ਸਮਝਣ ਵਿੱਚ ਸਹਾਇਤਾ ਕਰਨੀ ਚਾਹੁੰਦਾ ਹੈ।

ਸਵਾਲ ਪੁੱਛਣ ਲਈ, ਕਿਰਪਾ ਕਰਕੇ (206) 256-5297 'ਤੇ ਕਾਲ ਕਰੋ, ਜਾਂ laborstandards@seattle.gov 'ਤੇ ਈਮੇਲ ਕਰੋ।

# ਸਾਡਾ ਵਾਅਦਾ

ਅਸੀਂ ਤੁਹਾਡੇ ਮਦਦ ਕਰਨ ਲਈ ਇੱਥੇ ਹਾਂ! ਅਸੀਂ ਚਾਹੁੰਦੇ ਹਾਂ ਕਿ ਤੁਸੀਂ ਨਵੇਂ ਕਾਨੂੰਨ ਨੂੰ ਕਿਵੇਂ ਕਰਨ ਬਾਰੇ ਆਪਣੇ ਸਵਾਲਾਂ ਦਾ ਜਵਾਬ ਲੈਣ ਲਈ ਸਾਨੂੰ ਕਾਲ ਕਰੋ। ਸੀਏਟਲ ਆਫਿਸ ਆਫ ਲੇਬਰ ਸਟੈਂਡਰਡਜ਼ ਨਿੱਜੀ ਸਲਾਹ ਦੇਵੇਗਾ ਅਤੇ ਸਾਡੇ ਇਨਫੋਰਸਮੈਂਟ ਸਟਾਫ ਨੂੰ ਤੁਹਾਡੀ ਰਿਪੋਰਟ ਨਹੀਂ ਕਰੇਗਾ। ਤੁਹਾਡੇ ਸਵਾਲ ਸਾਡੇ ਕੋਲ ਸੁਰੱਖਿਅਤ ਰਹਿਣਗੇ।

ਇਹਨਾਂ ਸ਼ਰਤਾਂ ਬਾਰੇ ਵੇਰਵੇ-ਸਹਿਤ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ: **www.seattle.gov/laborstandards**

# ਭੇਦਭਾਵ ਅਤੇ ਜਵਾਬੀ-ਕਾਰਵਾਈ ਤੋਂ ਸੁਰੱਖਿਆ

ਘਰੇਲੂ ਕਰਮਚਾਰੀ ਅਕਸਰ ਇਕੱਲੇ ਕੰਮ ਕਰਦੇ ਹਨ ਅਤੇ ਉਹਨਾਂ ਨੂੰ ਜਿਨਸੀ ਸ਼ੋਸ਼ਣ ਅਤੇ ਹੋਰ ਕਿਸਮ ਦੇ ਭੇਦਭਾਵ ਦਾ ਸਾਹਮਣਾ ਕਰਨ ਦਾ ਜ਼ੋਖਮ ਹੋ ਸਕਦਾ ਹੈ। ਘਰੇਲੂ ਕਰਮਚਾਰੀਆਂ ਨੂੰ ਸ਼ਹਿਰ ਦੇ ਨਿਰਪੱਖ ਰੁਜ਼ਗਾਰ ਅਭਿਆਸ ਕਾਨੂੰਨ ਦੇ ਤਹਿਤ ਇਸ ਕਿਸਮ ਦੇ ਵਿਵਹਾਰ ਤੋਂ ਸੁਰੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਘਰੇਲੂ ਕਰਮਚਾਰੀ ਦੁਆਰਾ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਜਾਂ ਸ਼ਹਿਰ ਨੂੰ ਕੋਈ ਸ਼ਿਕਾਇਤ ਦਾਇਰ ਕਰਨ 'ਤੇ, ਜੇ ਭਰਤੀ ਕਰਨ ਵਾਲੀ ਸੰਸਥਾ ਉਹਨਾਂ ਖਿਲਾਫ਼ ਕੋਈ ਕਾਰਵਾਈ ਕਰਦੀ ਹੈ ਤਾਂ ਉਸ ਸੰਸਥਾ ਉੱਤੇ ਵਾਧੂ ਜੁਰਮਾਨਾ ਲਗਾਇਆ ਜਾ ਸਕਦਾ ਹੈ।

**ਜੇ ਤੁਸੀਂ ਨਿਰਪੱਖ ਰੁਜ਼ਗਾਰ ਅਭਿਆਸ ਕਾਨੂੰਨ ਬਾਰੇ ਵਧੇਰੇ ਜਾਣਨਾ ਚਾਹੁੰਦੇ ਹੋ ਤਾਂ ਸੀਏਟਲ ਆਫਿਸ ਫਾਰ ਸਿਵਲ ਰਾਈਟਸ ਨਾਲ (206) 684-4500 'ਤੇ ਸੰਪਰਕ ਕਰੋ, ਜਾਂ discrimination@seattle.gov 'ਤੇ ਈਮੇਲ ਕਰੋ ਜਾਂ www.seattle.gov/civilrights 'ਤੇ ਜਾਓ।**

# ਨਿੱਜੀ ਦਸਤਾਵੇਜ਼ਾਂ ਨੂੰ ਰੋਕ ਕੇ ਨਹੀਂ ਰੱਖਿਆ ਜਾਵੇਗਾ

ਘਰੇਲੂ ਕਰਮਚਾਰੀਆਂ ਨੂੰ ਆਪਣੇ ਅਸਲ ਦਸਤਾਵੇਜ਼ ਅਤੇ ਨਿੱਜੀ ਚੀਜ਼ਾਂ ਆਪਣੇ ਕੋਲ ਰੱਖਣ ਦਾ ਅਧਿਕਾਰ ਹੈ।



ਅਧਿਕਾਰ

# ਆਰਾਮ ਕਰਨ ਦਾ ਦਿਨ ਲੈਣ ਦਾ

ਜੇ ਘਰੇਲੂ ਕਰਮਚਾਰੀ ਲਗਾਤਾਰ ਛੇ ਦਿਨ ਕੰਮ ਕਰਦੇ ਹਨ ਅਤੇ ਕਾਰਜ-ਸਥਾਨ 'ਤੇ ਹੀ ਰਹਿੰਦੇ ਜਾਂ ਸੌਂਦੇ ਹਨ ਤਾਂ ਭਰਤੀ ਕਰਨ ਵਾਲੀਆਂ ਸੰਸਥਾਵਾਂ ਲਈ ਇਹ ਲਾਜ਼ਮੀ ਹੈ ਕਿ ਉਹ ਕਰਮਚਾਰੀਆਂ ਨੂੰ ਤਨਖਾਹ-ਰਹਿਤ, 24-ਘੰਟੇ ਦੇ ਆਰਾਮ ਦਾ ਸਮਾਂ ਪ੍ਰਦਾਨ ਕਰਨ।



# ਭੋਜਨ ਬਰੇਕ ਲੈਣ ਦਾ ਅਧਿਕਾਰ

ਜੇ ਘਰੇਲੂ ਕਰਮਚਾਰੀ ਪੰਜ ਘੰਟਿਆਂ ਤੋਂ ਵੱਧ ਸਮੇਂ ਲਈ ਕੰਮ ਕਰਦੇ ਹਨ, ਭਰਤੀ ਕਰਨ ਵਾਲੀਆਂ ਸੰਸਥਾਵਾਂ ਲਈ ਇਹ ਲਾਜ਼ਮੀ ਹੈ ਕਿ ਉਹ ਘਰੇਲੂ ਕਰਮਚਾਰੀਆਂ ਨੂੰ ਤਨਖਾਹ-ਰਹਿਤ, ਨਿਰਵਿਘਨ 30-ਮਿੰਟਾਂ ਦੀ ਭੋਜਨ ਬਰੇਕ ਪ੍ਦਾਨ ਕਰਨ।

ਪਰ, ਜੇਕਰ ਤੁਸੀਂ ਚਾਹੁੰਦੇ ਹੋ ਕਿ ਭੋਜਨ ਬਰੇਕ ਦੌਰਾਨ ਕਰਮਚਾਰੀ ਕਾਰਜ ਸਥਾਨ 'ਤੇ ਮੌਜੂਦ ਰਹੇ ਅਤੇ ਕੰਮ 'ਤੇ ਵਾਪਸ ਆਉਣ ਲਈ ਤਿਆਰ ਰਹੇ ਤਾਂ ਤੁਹਾਨੂੰ ਭੋਜਨ ਬਰੇਕ ਲਈ ਕਰਮਚਾਰੀ ਨੂੰ ਤਨਖਾਹ ਦੇਣੀ ਪਵੇਗੀ।

**ਜੇਕਰ ਕਰਮਚਾਰੀ ਭੋਜਨ ਬਰੇਕ ਦੇ ਦੌਰਾਨ ਕੰਮ ਕਰਦਾ ਹੈ, ਤਾਂ ਕਰਮਚਾਰੀ ਦੇ ਛੁੱਟੇ ਹੋਏ ਬਰੇਕ ਲਈ ਤੁਹਾਨੂੰ 30 ਮਿੰਟਾਂ ਦੀ ਵਾਧੂ ਤਨਖਾਹ ਦਾ ਭੁਗਤਾਨ ਕਰਨਾ ਪਵੇਗਾ।**

ਅਧਿਕਾਰ

# ਭੁਗਤਾਨ-ਸਹਿਤ ਆਰਾਮ ਬਰੇਕ ਲੈਣ ਦਾ

ਭਰਤੀ ਕਰਨ ਵਾਲੀਆਂ ਸੰਸਥਾਵਾਂ ਲਈ ਇਹ ਲਾਜ਼ਮੀ ਹੈ ਕਿ ਉਹ ਘਰੇਲੂ ਕਰਮਚਾਰੀਆਂ ਨੂੰ ਤਨਖਾਹ-ਸਹਿਤ, ਨਿਰਵਿਘਨ 10-ਮਿੰਟਾਂ ਦੀ ਆਰਾਮ ਬਰੇਕ ਪ੍ਰਦਾਨ ਕਰਨ।

**ਜੇਕਰ ਕਰਮਚਾਰੀ ਆਰਾਮ ਬਰੇਕ ਦੇ ਦੌਰਾਨ ਕੰਮ ਕਰਦਾ ਹੈ, ਤਾਂ ਤੁਹਾਨੂੰ ਕਰਮਚਾਰੀ ਨੂੰ 10 ਮਿੰਟਾਂ ਦੀ ਵਾਧੂ ਤਨਖਾਹ ਦਾ ਭੁਗਤਾਨ ਕਰਨਾ ਪਵੇਗਾ।**



# ਨਿਊਨਤਮ ਤਨਖਾਹ ਦਾ ਅਧਿਕਾਰ

ਸਾਰੇ ਘਰੇਲੂ ਕਰਮਚਾਰੀਆਂ ਨੂੰ ਘੱਟੋ-ਘੱਟ ਸੀਏਟਲ ਦੀ ਮੌਜੂਦਾ ਨਿਊਨਤਮ ਤਨਖਾਹ ਦੇ ਅਨੁਸਾਰ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਹਰ ਸਾਲ 1 ਜਨਵਰੀ ਨੂੰ ਸੀਏਟਲ ਦੀ ਨਿਊਨਤਮ ਤਨਖਾਹ ਵਿੱਚ ਵਾਧਾ ਹੁੰਦਾ ਹੈ। ਆਫਿਸ ਆਫ ਲੇਬਰ ਸਟੈਂਡਰਡਜ਼ (OLS) ਹਰ ਸਾਲ ਪਤਝੜ ਦੇ ਮਹੀਨੇ ਵਿੱਚ ਆਉਣ ਵਾਲੇ ਸਾਲ ਦੀ ਨਿਊਨਤਮ ਤਨਖਾਹ ਵਿੱਚ ਵਾਧੇ ਦੀ ਘੋਸ਼ਣਾ ਕਰਦਾ ਹੈ।

ਮੌਜੂਦਾ ਨਿਊਨਤਮ ਤਨਖਾਹ ਬਾਰੇ ਜਾਣਕਾਰੀ ਲਈ, ਇੱਥੇ ਜਾਓ:
www.seattle.gov/laborstandards/ordinances/minimum-wage



# ਕੀ ਇਹ ਕਾਨੂੰਨ ਤੁਹਾਡੇ 'ਤੇ ਲਾਗੂ ਹੁੰਦਾ ਹੈ?

ਉਹ ਵਿਅਕਤੀ, ਪਰਿਵਾਰਾਂ, ਅਤੇ ਕੰਪਨੀਆਂ ਜੋ ਸਿੱਧੇ ਤੌਰ 'ਤੇ ਘਰੇਲੂ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਦੇ ਹਨ ਜਾਂ ਰੁਜ਼ਗਾਰ ਦਿੰਦੇ ਹਨ, ਉਹਨਾਂ ਨੂੰ ਲਾਜ਼ਮੀ ਤੌਰ 'ਤੇ ਇਸ ਕਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ। ਅਜਿਹੇ ਵਿਅਕਤੀ, ਪਰਿਵਾਰ ਜਾਂ ਕੰਪਨੀ ਨੂੰ "ਭਰਤੀ ਕਰਨ ਵਾਲੀ ਸੰਸਥਾ" ਕਿਹਾ ਜਾਂਦਾ ਹੈ।

ਜੇਕਰ ਤੁਸੀਂ ਘਰੇਲੂ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਵੱਖਰੀ ਕੰਪਨੀ ਦੀ ਵਰਤੋਂ ਕਰਦੇ ਹੋ, ਤਾਂ ਉਸ ਕਾਰੋਬਾਰ ਨੂੰ "ਭਰਤੀ ਕਰਨ ਵਾਲੀ ਸੰਸਥਾ" ਮੰਨਿਆ ਜਾਵੇਗਾ ਅਤੇ ਉਹ ਕਾਰੋਬਾਰ ਹੀ ਕਰਮਚਾਰੀ ਸੁਰੱਖਿਆ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੋਵੇਗਾ। ਪਰ, ਜੇਕਰ ਤੁਸੀਂ ਇਸ ਕਾਨੂੰਨ ਦੇ ਅਧੀਨ ਕਿਸੇ ਕਰਮਚਾਰੀ ਦੇ ਅਧਿਕਾਰਾਂ ਵਿੱਚ ਦਖਲ ਦਿੰਦੇ ਹੋ ਤਾਂ ਤੁਸੀਂ ਕਾਨੂੰਨ ਦੀ ਉਲੰਘਣਾ ਕਰਨ ਲਈ ਜ਼ਿੰਮੇਵਾਰ ਹੋਵੋਗੇ।

ਕਾਨੂੰਨ ਨਿਮਨਲਿਖਤ ਕਿਸਮ ਦੇ ਕਰਮਚਾਰੀਆਂ ਨੂੰ ਕਵਰ ਨਹੀਂ ਕਰਦਾ ਹੈ:

- ਉਹ ਵਿਅਕਤੀ ਜੋ ਕਦੇ-ਕਦਾਈ ਕੰਮ ਕਰਦੇ ਹਨ
- ਉਹ ਵਿਅਕਤੀ ਜੋ ਭਰਤੀ ਕਰਨ ਵਾਲੀ ਸੰਸਥਾ ਦੇ ਪਰਿਵਾਰਕ ਮੈਂਬਰ ਹਨ
- ਹੋਮ ਕੇਅਰ ਵਰਕਰ ਜਿਹਨਾਂ ਨੂੰ ਜਨਤਕ ਫੰਡਾਂ ਰਾਹੀਂ ਭੁਗਤਾਨ ਕੀਤਾ ਜਾਂਦਾ ਹੈ

# ਕੀ ਤੁਸੀਂ ਜਾਣਦੇ ਹੋ?

ਜੇ ਤੁਸੀਂ ਘਰ ਵਿੱਚ ਜਾਂ ਇਸਦੇ ਆਸ-ਪਾਸ ਕੰਮ ਕਰਵਾਇਆ ਹੈ, ਤਾਂ ਤੁਹਾਨੂੰ ਸੀਏਟਲ ਦੇ ਘਰੇਲੂ ਕਰਮਚਾਰੀ ਆਰਡੀਨੈਂਸ ਬਾਰੇ ਪਤਾ ਹੋਣਾ ਚਾਹੀਦਾ ਹੈ।

**ਤੁਹਾਨੂੰ ਇੱਕ ਕਵਰਡ ਭਰਤੀ ਕਰਨ ਵਾਲੀ ਸੰਸਥਾ ਮੰਨਿਆ ਜਾਂਦਾ ਹੈ, ਜੇ ਤੁਸੀਂ ਇਹਨਾਂ ਸੇਵਾਵਾਂ ਲਈ ਭੁਗਤਾਨ ਕਰਦੇ ਹੋ:**

- ਨੈਨੀ
- ਰਸੋਈਆ
- ਹੋਮ ਕੇਅਰ ਵਰਕਰ
- ਹਾਊਸਹੋਲਡ ਮੈਨੇਜਰ
- ਹਾਊਸ ਕਲੀਨਰ
- ਮਾਲੀ

**ਭਰਤੀ ਕਰਨ ਵਾਲੀ ਸੰਸਥਾ ਲਈ ਇਹ ਲਾਜ਼ਮੀ ਹੈ ਕਿ ਉਹ ਘਰੇਲੂ ਕਰਮਚਾਰੀ ਨੂੰ ਇਹ ਚੀਜ਼ਾਂ ਪ੍ਰਦਾਨ ਕਰੇ:**

- ਸੀਏਟਲ ਨਿਊਨਤਮ ਤਨਖਾਹ
- ਨਿਰਵਿਘਨ ਭੋਜਨ ਅਤੇ ਆਰਾਮ ਬਰੇਕ ਜਾਂ ਵਾਧੂ ਤਨਖਾਹ ਜੇ ਉਹਨਾਂ ਨੂੰ ਬਰੇਕ ਨਹੀਂ ਮਿਲਦੀ ਹੈ
- ਜਿਹੜੇ ਕਰਮਚਾਰੀ ਆਪਣੇ ਕਾਰਜ ਸਥਾਨ 'ਤੇ ਹੀ ਰਹਿੰਦੇ ਹਨ, ਉਹਨਾਂ ਨੂੰ ਲਗਾਤਾਰ ਛੇ ਦਿਨ ਕੰਮ ਕਰਨ ਤੋਂ ਬਾਅਦ ਇੱਕ ਦਿਨ (24 ਘੰਟੇ) ਦੀ ਛੁੱਟੀ।
- ਦਸਤਾਵੇਜ਼ਾਂ ਅਤੇ ਨਿੱਜੀ ਚੀਜ਼ਾਂ ਆਪਣੇ ਕੋਲ ਰੱਖਣ ਦਾ ਅਧਿਕਾਰ
- ਜਿਨਸੀ ਸ਼ੋਸ਼ਣ ਅਤੇ ਭੇਦਭਾਵ ਤੋਂ ਸੁਰੱਖਿਆ

*ਜੇਕਰ ਤੁਸੀਂ ਇੱਕ ਰੁਜ਼ਗਾਰਦਾਤਾ ਹੋ, ਤਾਂ ਹੋਰ ਕਿਰਤ ਮਾਪਦੰਡਾਂ ਦੇ ਅਧੀਨ ਤੁਹਾਡੀਆਂ ਜ਼ਿੰਮੇਵਾਰੀਆਂ ਹਨ

ਸੀਏਟਲ ਘਰੇਲੂ ਕਰਮਚਾਰੀ ਆਰਡੀਨੈਂਸ ਘਰੇਲੂ ਕਰਮਚਾਰੀਆਂ ਨੂੰ ਕਾਰਜ ਸਥਾਨ ਵਿਖੇ ਬੁਨਿਆਦੀ ਸੁਰੱਖਿਆ ਪ੍ਰਦਾਨ ਕਰਦਾ ਹੈ।

ਇਸ ਗਾਈਡ ਵਿੱਚ ਇਹਨਾਂ ਸੁਰੱਖਿਆਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਪਰ ਇਹ ਕਿਸੇ ਕਿਸਮ ਦੀ ਕਾਨੂੰਨੀ ਸਲਾਹ ਨਹੀਂ ਹੈ। ਵਧੇਰੇ ਜਾਣਕਾਰੀ ਲਈ, ਅਤੇ ਕਿਸੇ ਵੀ ਸਵਾਲ ਦੇ ਲਈ, ਕਿਰਪਾ ਕਰਕੇ ਸੰਪਰਕ ਕਰੋ:

**Seattle** Office of
Labor Standards

(206) 256-5297 'ਤੇ ਕਾਲ ਕਰੋ
laborstandards@seattle.gov
www.seattle.gov/laborstandards

ਘਰੇਲੂ ਕਰਮਚਾਰੀ ਆਰਡੀਨੈਂਸ ਬਾਰੇ ਪੂਰੀ ਜਾਣਕਾਰੀ ਇੱਥੇ ਮਿਲ ਸਕਦੀ ਹੈ:
www.seattle.gov/laborstandards/ordinances/domestic-workers-ordinance

**Seattle** Office of
Labor Standards

# ਕੀ ਤੁਸੀਂ ਘਰੇਲੂ ਕਰਮਚਾਰੀ ਨੂੰ ਨਿਯੁਕਤ ਕਰਨਾ ਹੈ?

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ



ਸੀਏਟਲ ਘਰੇਲੂ ਕਰਮਚਾਰੀ ਆਰਡੀਨੈਂਸ